ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ ਵਿਸ਼ੇਸ਼

੨੬ ਚੇਤ ਸੰਨ ੨੦੨੬ Wednesday, 08 April

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



ਸ.ਸਰਬਜੀਤ ਸਿੰਘ ਖ਼ਾਲਸਾ ਦੀ ਬਚਪਨ ਸਮੇਂ ਦੀ ਇਕ ਫੋਟੋ ਜੋ ਇੰਗਲੈਂਡ ਦੇ ਉੱਘੇ ਪੰਜਾਬੀ ਸਪਤਾਹਿਕ 'ਦੇਸ ਪ੍ਰਦੇਸ' ਦੇ ਮਿਤੀ 30.8.1985 ਦੇ ਅੰਕ ਵਿਚ ਛਪੀ।
(ਫੋਟੋ ਨਾਲ ਛਪੀ ਕੈਪਸ਼ਨ ਵੀ ਪੜ੍ਹਨ ਹੀ ਵਾਲੀ ਹੈ)




ਬੀਬੀ ਬਿਮਲ ਕੌਰ ਜੀ ਖ਼ਾਲਸਾ

## ਇਕ ਖ਼ੂਬਸੂਰਤ ਯਾਦ:
## ਜਦੋਂ ਸ.ਸਰਬਜੀਤ ਸਿੰਘ ਖ਼ਾਲਸਾ (ਮੈਂਬਰ ਪਾਰਲੀਮੈਂਟ) ਨੂੰ, ਉਸਦੇ ਬਚਪਨ ਵਿਚ, ਮੈਨੂੰ ਕੁੱਛੜ ਚੁੱਕਣ ਦਾ ਅਵਸਰ ਪ੍ਰਾਪਤ ਹੋਇਆ।

ਕੁਝ ਲੋਕਾਂ ਨੂੰ ਮੇਰੀ ਇਹ ਗੱਲ ਕੁਝ ਅਜੀਬ ਹੀ ਲੱਗੇਗੀ ਕਿ ਇਹ ਕੀ ਮਾਜਰਾ ਹੈ? ਛੋਟੇ ਬੱਚਿਆਂ ਨੂੰ ਤਾਂ ਅਕਸਰ ਸਾਰੇ ਹੀ ਪਿਆਰ ਨਾਲ ਗੋਦੀ ਚੁੱਕ ਲੈਂਦੇ ਹਨ ਭਾਵੇਂ ਉਹ ਆਪਣਾ ਹੋਵੇ ਜਾਂ ਬੇਗ਼ਾਨਾ। ਬੱਚੇ ਤਾਂ ਖੁਦ-ਬਖੁਦ ਹਰ ਕਿਸੇ ਦਾ ਪਿਆਰ ਬਟੋਰ ਲੈਂਦੇ ਹਨ। ਕੁਝ ਲੋਕ ਇਹ ਵੀ ਸੋਚਦੇ ਹੋਣਗੇ ਕਿ ਸ਼ਹੀਦ ਬੇਅੰਤ ਸਿੰਘ, ਜਿਸ ਦਾ ਸਰਬਜੀਤ ਸਿੰਘ ਖ਼ਾਲਸਾ ਪੁੱਤਰ ਹੈ, ਸ਼ਾਇਦ ਮੇਰਾ ਕੋਈ ਰਿਸ਼ਤੇਦਾਰ, ਅਰਥਾਤ ਮਾਮੇ ਜਾਂ ਚਾਚੇ-ਤਾਏ ਦਾ ਪੁੱਤ ਭਰਾ ਹੋਵੇਗਾ, ਜਿਸ ਕਰਕੇ ਮੈਂ ਉਸ ਦੇ ਪੁੱਤਰ ਨੂੰ ਗੋਦੀ ਚੁੱਕਿਆ ਹੋਵੇਗਾ। ਸ.ਸਰਬਜੀਤ ਸਿੰਘ ਖ਼ਾਲਸਾ ਨਾਲ ਮੇਰੀ ਖ਼ੂਨ ਦੀ ਜਾਂ ਦੂਰ-ਨੇੜੇ ਦੀ ਕੋਈ ਰਿਸ਼ਤੇਦਾਰੀ ਬਿਲਕੁਲ ਹੀ ਨਹੀਂ ਬਣਦੀ, ਲੇਕਿਨ ਉਹ ਇਕ ਕੌਮੀ ਸ਼ਹੀਦ ਦਾ ਪੁੱਤਰ ਹੈ, ਜਿਸ ਨੇ ਸਿੱਖ ਪੰਥ ਦੀ ਇੱਜ਼ਤ ਤੇ ਆਬਰੂ ਕਾਇਮ ਰੱਖਣ ਵਾਸਤੇ ਆਪਣਾ ਆਪ ਕੁਰਬਾਨ ਕਰਨ ਵਿਚ ਰਤਾ ਝਿਜਕ ਨਹੀਂ ਸੀ ਵਿਖਾਈ, ਇਸ ਪੱਖ ਤੋਂ ਸ਼ਹੀਦਾਂ ਦੇ ਪੁੱਤਰ ਤਾਂ ਆਪਣੇ ਪੁੱਤਰਾਂ ਤੋਂ ਵੀ ਵਧੇਰੇ ਪਿਆਰੇ ਹੋਇਆ ਕਰਦੇ ਹਨ। ਉਹ ਤਾਂ ਸਾਰੀ ਕੌਮ ਦੀ ਅਮਾਨਤ ਹੁੰਦੇ ਹਨ, ਅਤੇ ਜੇਕਰ ਮੈਂ ਉਸ ਨੂੰ ਚੁੱਕ ਲਿਆ ਤਾਂ ਕੋਈ ਅਹਿਸਾਨ ਨਹੀਂ ਸੀ ਕੀਤਾ, ਬਲਕਿ ਆਪਣਾ ਨੈਤਿਕ ਫਰਜ਼ ਨਿਭਾਇਆ ਸੀ।- ਲੇਕਿਨ ਇਹ ਬਿਧ ਕਿਵੇਂ ਬਣੀ, ਇਸ ਦਾ ਸੰਖੇਪ ਹਾਲ ਇਸ ਪੋਸਟ ਵਿਚ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ। ਸਾਲ 1985 ਦੇ ਹੋਲੇ ਮਹੱਲੇ ਸਮੇਂ ਮੈਂ ਅਚਨਚੇਤ ਹੀ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਸ੍ਰੀ ਅਨੰਦਪੁਰ ਸਾਹਿਬ ਨਹੀਂ ਸੀ ਆਇਆ, ਬਲਕਿ ਮੇਰੇ ਸ੍ਰੀ ਅਨੰਦਪੁਰ ਸਾਹਿਬ ਆਉਣ ਦਾ ਇਕ ਖਾਸ ਕਾਰਨ ਸੀ।ਜੂਨ 1984 ਵਿਚ ਦੇਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਭਾਰਤੀ ਫੌਜ ਨੂੰ ਅੰਮ੍ਰਿਤਸਰ ਭੇਜ ਕੇ ਜੋ ਖ਼ੂਨੀ ਕਾਰਾ ਜਾਂ ਘੱਲੂਘਾਰਾ ਵਰਤਾਇਆ ਸੀ, ਉਸ ਨੇ ਸਿੱਖ ਕੌਮ ਦੇ ਸਾਹਮਣੇ ਇਕ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਸੀ। ਸਿੱਖ ਇਤਿਹਾਸ ਵਿਚ ਇਹ ਤਾਂ ਅੰਕਿਤ ਸੀ ਕਿ ਜਿਸ ਨੇ ਵੀ ਕਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕਰਨ ਦੀ ਗਲਤੀ ਜਾਂ ਅਵੱਗਿਆ ਕੀਤੀ, ਉਸ ਦਾ ਬਦਲਾ ਕੌਮ ਦੇ ਯੋਧਿਆਂ ਵੱਲੋਂ ਲਿਆ ਜਾਂਦਾ ਰਿਹਾ ਹੈ, ਲੇਕਿਨ ਅੱਜ ਦੇ ਸਮੇਂ ਵਿਚ ਇਹ ਬਦਲਾ ਕੌਣ ਲਵੇਗਾ ਅਤੇ ਕਿਵੇਂ ਲਵੇਗਾ, ਇਹ ਇਕ ਵੱਡਾ ਪ੍ਰਸ਼ਨ ਚਿੰਨ੍ਹ ਬਣਿਆ ਹੋਇਆ ਸੀ। ਲੇਕਿਨ ਇਤਿਹਾਸ ਵਿਚ ਇਹ ਵੀ ਦਰਜ ਹੈ ਕਿ ਗੁਰੂ ਮਹਾਰਾਜ ਆਪ ਹੀ ਕੋਈ ਬਿਧ ਬਣਾਉਂਦੇ ਹਨ ਅਤੇ ਕੋਈ ਅਣਖੀ ਸੂਰਮੇ ਪਾਪ ਦਾ ਬਦਲਾ ਲੈਣ ਲਈ ਮੈਦਾਨ ਵਿਚ ਨਿੱਤਰ ਹੀ ਆਉਂਦੇ ਹਨ।ਇਸ ਵੇਰ ਜਿਨ੍ਹਾਂ ਸੂਰਮਿਆਂ ਦੇ ਸਿਰ 'ਤੇ ਇਹ ਸਿਹਰਾ ਬੱਝਿਆ, ਉਹ ਸਨ ਪ੍ਰਧਾਨ ਮੰਤਰੀ ਦੀ ਸਕਿਉਰਟੀ ਵਿਚ ਨਿਯੁਕਤ ਦੋ ਸੂਰਮੇ ਸਰਦਾਰ ਬੇਅੰਤ ਸਿੰਘ ਅਤੇ ਸਰਦਾਰ ਸਤਵੰਤ ਸਿੰਘ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਇੰਦਰਾ ਨੂੰ ਉਸ ਦੀ ਕੋਠੀ ਵਿਚ ਹੀ, ਦਿਨ ਦਿਹਾੜੇ ਗੋਲੀਆਂ ਨਾਲ ਭੁੰਨ ਕੇ, ਨਰਕ ਦਾ ਰਾਹ ਵਿਖਾਇਆ ਸੀ। ਸ.ਬੇਅੰਤ ਸਿੰਘ ਨੂੰ ਤਾਂ ਉਸੇ ਸਮੇਂ ਸਕਿਉਰਿਟੀ ਫੋਰਸ ਦੇ ਜਵਾਨਾਂ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਸੀ, ਲੇਕਿਨ ਸ. ਸਤਵੰਤ ਸਿੰਘ, ਜੋ ਸਖ਼ਤ ਜ਼ਖਮੀ ਹੋਇਆ ਸੀ, ਉਸ ਉੱਤੇ ਮੁਕਦਮਾ ਚੱਲਿਆ, ਜਿਸ ਵਿਚ ਸੂਰਮਾ ਪੂਰੀ ਤਰ੍ਹਾਂ ਨਿਡਰ ਰਿਹਾ ਅਤੇ ਫਾਂਸੀ ਦਾ ਰੱਸਾ ਚੁੰਮਣ ਨੂੰ ਤਰਜੀਹ ਦਿੱਤੀ। - ਵੇਖਿਆ ਜਾਵੇ ਤਾਂ ਇਨ੍ਹਾਂ ਸੂਰਮਿਆਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਦੇਸ਼ ਦੀ ਹੈਂਕੜਬਾਜ਼ ਹੁਕਮਰਾਨ ਅਤੇ ਆਪਣੇ ਆਪ ਨੂੰ ਦੁਰਗਾ ਕਹਾਉਣ ਵਾਲੀ ਇੰਦਰਾ ਨੂੰ ਸ਼ਰੇਆਮ ਸੋਧਿਆ ਅਤੇ ਕੌਮ ਦੀ ਡਿੱਗੀ ਹੋਈ ਪੱਗ ਮੁੜ ਇਸ ਦੇ ਸਿਰ ਉਤੇ ਸਜਾਈ ਸੀ। ਹਰੇਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਦੋ ਅਣਖੀ ਸੂਰਮਿਆਂ ਵੱਲੋਂ ਇੰਦਰਾ ਨੂੰ ਸੋਧਣ ਨਾਲ ਕੌਮ ਦੀ ਡਿੱਗੀ ਹੋਈ ਗੈਰਤ ਤਾਂ ਮੁੜ ਬਹਾਲ ਹੋ ਗਈ, ਲੇਕਿਨ ਇਸ ਦਾ ਖਮਿਆਜ਼ਾ ਵੀ ਕੌਮ ਨੂੰ ਭਾਰੀ ਮੁੱਲ ਦੇ ਕੇ ਚੁਕਾਉਣਾ ਪਿਆ। 'ਜਿਸ ਦੇ ਪੈਰ ਨ ਫਟੀ ਬਿਆਈ। ਉਹ ਕੀ ਜਾਣੇ ਪੀੜ ਪਰਾਈ' ਅਖਾਣ ਮੁਜਬ ਨਵੰਬਰ 1984 ਦੇ ਪਹਿਲੇ ਹਫ਼ਤੇ ਦਿੱਲੀ ਜਾਂ ਦੇਸ਼ ਦੇ ਹੋਰ ਸ਼ਹਿਰਾਂ, ਨਗਰਾਂ ਵਿਚ, ਵੱਖ-ਵੱਖ ਥਾਈਂ, ਵੱਖੋ-ਵੱਖ ਤਰ੍ਹਾਂ ਦਾ ਜੋ ਦੁਖਦਾਈ ਕਹਿਰ ਵਾਪਰਿਆ, ਜਾਨ ਅਤੇ ਮਾਲ ਦਾ ਜੋ ਨੁਕਸਾਨ ਹੋਇਆ, ਔਰਤਾਂ ਤੇ ਬਜ਼ੁਰਗਾਂ ਦੀ ਇੱਜ਼ਤ ਤੇ ਆਬਰੂ ਜਿਵੇਂ ਗਲੀਆਂ- ਬਾਜ਼ਾਰਾਂ ਵਿਚ ਰੋਲੀ ਗਈ, ਉਸ ਨੂੰ ਨਾ ਤਾਂ ਸ਼ਬਦਾਂ ਵਿਚ ਬਿਆਨ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਢੰਗ-ਤਰੀਕੇ ਨਾਲ ਇਸ ਨੁਕਸਾਨ ਦੀ ਭਰਪਾਈ ਹੀ ਕੀਤੀ ਜਾ ਸਕਦੀ ਹੈ। ਇਸ ਨੁਕਸਾਨ ਦਾ ਅੰਦਾਜ਼ਾ ਤਾਂ ਜਿਨ੍ਹਾਂ ਨਾਲ ਹੋਈ ਬੀਤੀ ਹੈ,


ਨਿਰਵੈਰ ਸਿੰਘ ਅਰਸ਼ੀ

ਸ਼ਾਇਦ ਉਹ ਵੀ ਪੂਰੀ ਤਰ੍ਹਾਂ ਨਹੀਂ ਲਗਾ ਸਕਦੇ। ਪਹਿਲਾਂ ਤੋਂ ਵੀ ਵਧੀਆ ਦੁਕਾਨਾਂ, ਬਿਲਡਿੰਗਾਂ, ਮਾਰਕੀਟਾਂ ਅਤੇ ਕਾਲੋਨੀਆਂ ਦਾ ਨਿਰਮਾਣ ਤਾਂ ਕੀਤਾ ਜਾ ਸਕਦਾ ਹੈ, ਲੇਕਿਨ ਕੀ ਕਿਸੇ ਔਰਤ ਦੀ ਲੁੱਟੀ ਗਈ ਪੱਤ ਜਾਂ ਕਿਸੇ ਬਜ਼ੁਰਗ ਦੀ ਗਲੀਆਂ- ਬਾਜ਼ਾਰਾਂ ਵਿਚ ਰੁਲੀ ਹੋਈ ਇੱਜ਼ਤ ਵਾਪਸ ਲੌਟਾ ਸਕਦੇ ਹੋ? ਕੀ ਕਿਸੇ ਘਰ ਪਰਿਵਾਰ ਦੇ ਸਾੜ੍ਹੇ-ਫੂਕੇ ਜਾਂ ਮਰ-ਮੁੱਕ ਚੁੱਕੇ ਬੱਚਿਆਂ, ਜਵਾਨਾਂ ਤੇ ਬਿਰਧਾਂ ਨੂੰ ਕੋਈ ਵੀ ਢੰਗ-ਤਰੀਕਾ ਜਾਂ ਫਾਰਮੂਲਾ ਵਰਤ ਕੇ ਵਾਪਸ ਲਿਆ ਸਕਦੇ ਹੋ?ਹੋਰ ਦੂਰ ਨਾ ਜਾਂਦਾ ਹੋਇਆ ਮੈਂ ਆਪਣੇ ਘਰ ਦੀ ਗੱਲ ਹੀ ਕਰਦਾ ਹਾਂ। ਮੇਰੇ ਪੂਜ ਪਿਤਾ ਗਿਆਨੀ ਸੰਤੋਖ ਸਿੰਘ ਜੀ ਅਨੰਦਪੁਰੀ, ਜਿਨ੍ਹਾਂ ਨੇ ਬਚਪਨ ਅਤੇ ਆਪਣੀ ਜਵਾਨੀ ਚੀਨ ਦੇ ਮਹਾਂਨਗਰ ਸ਼ੰਘਾਈ ਵਿਖੇ ਇਕ ਵੱਡੇ ਪਰਵਾਰਿਕ ਕਾਰੋਬਾਰ ਦਾ ਅਹਿਮ ਹਿੱਸਾ ਬਣਦੇ ਹੋਏ ਬਿਤਾਈ ਸੀ ਅਤੇ ਕੁਝ ਸਾਲ ਕਲਕੱਤੇ ਬਿਤਾਉਣ ਉਪਰੰਤ, ਸਾਲ 1942-43 ਦੇ ਕਰੀਬ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਵਸਾਈ ਪਵਿੱਤਰ ਸ੍ਰੀ ਅਨੰਦਪੁਰ ਸਾਹਿਬ ਆਣ ਕੇ, ਉਦੋਂ ਪੱਕੇ ਡੇਰੇ ਲਾ ਲਏ ਸਨ ਜਦੋਂ ਭਾਖੜਾ ਤੇ ਨੰਗਲ ਡੈਮ ਪ੍ਰੋਜੈਕਟ ਅਜੇ ਬਣਨਾ ਸ਼ੁਰੂ ਹੋਇਆ ਸੀ ਅਤੇ ਗੰਗੂਵਾਲ ਤੇ ਕੋਟਲਾ ਪਾਵਰ ਹਾਊਸ ਬਣਨ ਦੀਆਂ ਸਕੀਮਾਂ ਅਜੇ ਕਾਗਜ਼ਾਂ ਵਿਚ ਹੀ ਸਨ।ਆਪ ਕੁਝ ਸਾਲ ਕੁੱਲੂ, ਪੀਨਾਂਗ (ਮਲੇਸ਼ੀਆ) ਅਤੇ ਮਾਊਂਟ ਆਬੂ (ਰਾਜਸਥਾਨ) ਵਿਖੇ ਵੀ ਰਹੇ। ਗੁਰਦੁਆਰਾ ਮਨੀਕਰਨ ਸਾਹਿਬ ਦਾ ਕੁਦਰਤੀ ਵਾਤਾਵਰਣ ਆਪ ਨੂੰ ਬਹੁਤ ਪਸੰਦ ਸੀ। ਉਥੇ ਜਦੋਂ ਵੀ ਜਾਂਦੇ ਤਾਂ ਦੋ-ਚਾਰ ਮਹੀਨੇ ਭਜਨ-ਸਿਮਰਨ ਵਿਚ ਸਫ਼ਲਾ ਕਰਕੇ ਹੀ ਮੁੜਦੇ। ਇਸ ਅਸਥਾਨ ਦੇ ਸੰਚਾਲਕ ਸੰਤ ਨਾਰਾਇਣ ਹਰੀ ਜੀ ਨਾਲ ਆਪ ਦਾ ਬਹੁਤ ਸਨੇਹ ਸੀ। ਮਨਾਲੀ ਦਾ ਕੁਦਰਤੀ ਵਾਤਾਵਰਣ ਵੀ ਆਪ ਨੂੰ ਬਹੁਤ ਪਸੰਦ ਸੀ ਅਤੇ 1965-66 ਦੇ ਕਰੀਬ, ਮਨਾਲੀ ਦੇ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਣ ਸਮੇਂ ਆਪ ਪੰਜ ਪਿਆਰਿਆਂ ਵਿਚ ਵੀ ਸ਼ਾਮਲ ਸਨ। 31 ਅਕਤੂਬਰ 1984 ਨੂੰ ਆਪ ਮਨਾਲੀ ਹੀ ਸਨ ਜਦੋਂ ਇੰਦਰਾ ਗਾਂਧੀ ਦੀ ਹੱਤਿਆ ਉਪ੍ਰੰਤ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖਾਂ ਦੇ ਜਾਨ-ਮਾਲ ਦੀ ਹੋ ਰਹੀ ਭਾਰੀ ਹਾਨੀ ਦੀਆਂ ਖ਼ਬਰਾਂ ਆਪ ਨੂੰ ਮਿਲੀਆਂ। ਫ਼ਸਾਦੀਆਂ ਵੱਲੋਂ ਗੁਰੂ ਘਰ ਵੱਲ ਆਉਣ ਦੀ ਕਨਸੋਅ ਮਿਲੀ ਤਾਂ ਆਪ ਉਸ ਸਮੇਂ ਗੁਰੂ ਘਰ ਵਿਖੇ ਇਕੱਲੇ ਹੀ ਸਨ। ਆਪ ਨੇ ਤੁਰੰਤ ਗੁਰੂ ਮਹਾਰਾਜ ਦਾ ਸਰੂਪ ਸੰਤੋਖਿਆ ਅਤੇ ਉਪਰਲੀ ਮੰਜ਼ਿਲ 'ਤੇ ਬਣੇ ਸੱਚਖੰਡ ਅਸਥਾਨ ਵਿਖੇ ਬਿਰਾਜਮਾਨ ਕਰਕੇ ਪਰਤ ਹੀ ਰਹੇ ਸਨ ਕਿ ਦੰਗਈਆਂ ਨੇ ਘੇਰ ਲਿਆ। ਆਪ ਨੂੰ ਖਿੜਕੀ 'ਚੋਂ ਧੱਕਾ ਦੇ ਕੇ ਬਾਹਰ ਸੜਕ 'ਤੇ ਸੁੱਟ ਦਿਤਾ ਅਤੇ 'ਇੰਦਰਾ ਗਾਂਧੀ ਅਮਰ ਰਹੇ' ਦੇ ਨਾਹਰੇ ਮਾਰਦੇ ਹੋਏ ਦੌੜ ਗਏ ਅਤੇ ਜਾਂਦੇ ਹੋਇਆਂ ਗੁਰੂ ਘਰ ਉਤੇ ਪੱਥਰਾਂ ਦੀ ਭਾਰੀ ਬੌਛਾਰ ਕੀਤੀ।ਕੁਝ ਪੱਥਰ ਪਿਤਾ ਜੀ ਦੇ ਵੀ ਵੱਜੇ।ਪਤਾ ਨਹੀਂ ਪੂਜ ਪਿਤਾ ਜੀ ਜ਼ਖਮੀ ਹਾਲਤ ਵਿਚ ਕਦੋਂ ਤੱਕ ਸੜਕ 'ਤੇ ਪਏ ਰਹਿੰਦੇ, ਜੇਕਰ ਇਕ ਰਿਟਾਇਰਡ ਹਿੰਦੂ ਕਰਨਲ, ਜੋ ਜੀਪ ਉੱਤੇ ਆਪਣੇ ਪਿੰਡ ਨੂੰ ਜਾ ਰਿਹਾ ਸੀ, ਦੀ ਨਿਗਾਹ ਨਾ ਪੈਂਦੇ। ਉਸ ਦੇ ਨਾਲ ਉਨ੍ਹਾਂ ਦਾ ਨਿਪਾਲੀ ਨੌਕਰ ਵੀ ਸੀ। ਕਰਨਲ ਦੇ ਗਲ ਵਿਚ ਪਿਸਤੌਲ ਅਤੇ ਨੌਕਰ 'ਬਹਾਦਰ' ਦੇ ਹੱਥ ਵਿੱਚ ਬੰਦੂਕ ਫੜ੍ਹੀ ਹੋਈ ਸੀ, ਜਿਵੇਂ ਕਿਧਰੇ ਸ਼ਿਕਾਰ ਖੇਡ ਕੇ ਆਏ ਹੋਣ। ਦੋਨਾਂ ਨੇ ਬੜੇ ਪਿਆਰ ਨਾਲ ਪਿਤਾ ਜੀ ਨੂੰ ਜੀਪ ਵਿਚ ਬਿਠਾਇਆ ਅਤੇ ਆਪਣੇ ਘਰ ਲੈ ਗਿਆ। ਡਾਕਟਰ ਨੂੰ ਘਰੇ ਹੀ ਸੱਦ ਕੇ ਮੱਲ੍ਹਮ-ਪਟੀ ਵੀ ਕਰਵਾਈ। ਕੁਝ ਦਿਨ ਦੀ ਸੇਵਾ-ਸੰਭਾਲ ਬਾਅਦ ਜਦੋਂ ਪਿਤਾ ਜੀ ਕੁਝ ਤੁਰਨ-ਫਿਰਨ ਜੋਗੇ ਹੋਏ ਤਾਂ ਆਪਣੀ ਜੀਪ ਵਿਚ ਹੀ ਕੁੱਲੂ ਏਅਰਪੋਰਟ ਤੱਕ ਲੈ ਕੇ ਗਿਆ ਅਤੇ ਉਥੋਂ ਚੰਡੀਗੜ੍ਹ ਜਾਣ ਵਾਲੇ ਜਹਾਜ਼ ਵਿਚ ਬਿਠਾ ਕੇ ਵਾਪਸ ਮਨਾਲੀ ਪਰਤਿਆ। ਚੰਡੀਗੜ੍ਹ ਤੋਂ ਆਪ ਬੱਸ ਰਾਹੀਂ ਅਨੰਦਪੁਰ ਸਾਹਿਬ ਪੁੱਜੇ ਸਨ ਅਤੇ ਮੈਨੂੰ ਸਾਰੇ ਹਾਲ ਦੀ ਖ਼ਬਰ ਚਿੱਠੀ ਰਾਹੀਂ ਦਿੱਤੀ ਸੀ। ਮੈਂ 1985 ਦੇ ਹੋਲੇ ਮਹੱਲੇ ਸਮੇਂ ਵਿਸ਼ੇਸ਼ ਕਰਕੇ ਪਿਤਾ ਜੀ ਨੂੰ ਮਿਲਣ ਵਾਸਤੇ ਹੀ ਆਇਆ ਸੀ। ਦੇਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਕਿਉਰਟੀ ਵਿਚ ਤੈਨਾਤ ਆਫੀਸਰ ਸ. ਬੇਅੰਤ ਸਿੰਘ (6.1.1959-31.10.1984) ਦੀ ਸ਼ਾਦੀ ਦਿੱਲੀ ਦੇ ਲੇਡੀ ਹਾਰਡਿੰਗ ਮੈਡੀਕਲ ਕਾਲਜ ਵਿਚ ਲੱਗੀ ਹੋਈ ਇਕ ਨਰਸ ਬਿਮਲ ਕੌਰ (ਅੰਮ੍ਰਿਤ ਛਕਣ ਤੋਂ ਪਹਿਲਾਂ ਇਸ ਦਾ ਨਾਮ ਬਿਮਲਾ ਦੇਵੀ ਸੀ) ਨਾਲ 23.1.1976 ਨੂੰ ਹੋਈ ਸੀ। ਜੂਨ 1984 ਵਿਚ ਇੰਦਰਾ ਗਾਂਧੀ ਵੱਲੋਂ ਭੇਜੀ ਭਾਰਤੀ ਫੌਜ ਨੇ ਅੰਮ੍ਰਿਤਸਰ ਵਿਖੇ ਜੋ ਭਾਰੀ ਕਹਿਰ ਵਰਤਾਇਆ, ਗੁਰੂ ਘਰ ਪ੍ਰਤੀ ਸ਼ਰਧਾ ਰੱਖਣ ਵਾਲੇ ਹਰੇਕ ਸਿੱਖ ਨੇ ਉਸ ਦੀ ਪੀੜਾ ਮਹਿਸੂਸ ਕੀਤੀ ਸੀ। ਬੇਅੰਤ ਸਿੰਘ ਨੇ ਆਪਣੇ ਸਾਥੀ ਸਤਵੰਤ ਸਿੰਘ ਨਾਲ ਇਹ ਦੁੱਖ ਸਾਂਝਾ ਕੀਤਾ ਤਾਂ ਮਹਿਸੂਸ ਕੀਤਾ ਕਿ ਉਹ ਵੀ ਇੰਦਰਾ ਦੇ ਇਸ ਕਾਰੇ ਤੋਂ ਬਹੁਤ ਅਵਾਜ਼ਾਰ ਸੀ। ਦੱਸਦੇ ਹਨ ਕਿ ਇਨ੍ਹਾਂ ਨੇ ਇਸ ਸਬੰਧ ਵਿਚ ਸ.ਕੇਹਰ ਸਿੰਘ ਨਾਲ ਵੀ ਵਿਚਾਰਾਂ ਕੀਤੀਆਂ। ਸ. ਬੇਅੰਤ ਸਿੰਘ ਅਤੇ ਸਤਵੰਤ ਸਿੰਘ ਨੇ ਆਪਣੀ ਬਣਾਈ ਯੋਜਨਾ ਨੂੰ 31 ਅਕਤੂਬਰ ਦੇ ਦਿਨ ਅਮਲ ਵਿਚ ਲਿਆਂਦਾ ਅਤੇ ਮੌਕਾ ਵੇਖਦੇ ਹੀ ਤਾੜ-ਤਾੜ ਗੋਲੀਆਂ ਚਲਾ ਕੇ ਉਸ ਨੂੰ ਆਪਣੀ ਕੀਤੀ ਦਾ ਫਲ ਭੁਗਤਾ ਦਿੱਤਾ। ਜਿਸ ਦੇ ਫਲ ਸਰੂਪ 31 ਅਕਤੂਬਰ 1984, ਜਿਸ ਦਿਨ ਇੰਦਰਾ ਨੂੰ ਸੋਧਿਆ ਗਿਆ, ਉਸੇ ਸ਼ਾਮ ਨੂੰ, ਹਸਪਤਾਲ ਵਿਖੇ ਡਿਊਟੀ ਕਰਦੀ ਬਿਮਲ ਕੌਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਕੁਝ ਦਿਨ ਲਗਾਤਾਰ ਚੱਲੀ ਪੁੱਛਗਿੱਛ ਦੌਰਾਨ, ਭਾਰੀ ਮਾਨਸਿਕ ਅਤੇ ਸਰੀਰਕ ਤਸੀਹੇ ਵੀ ਦਿੱਤੇ ਗਏ। ਬਿਮਲ ਕੌਰ ਨੂੰ ਪਲੈਨਿੰਗ ਦੀ ਕੋਈ ਜਾਣਕਾਰੀ ਹੀ ਨਹੀਂ ਸੀ ਤਾਂ ਉਹ ਦੱਸਦੀ ਵੀ ਕੀ? ਲੇਕਿਨ ਫਿਰ ਵੀ, ਦੋ ਹਫ਼ਤੇ ਦੇ ਕਰੀਬ ਪੁਲਿਸ ਹਿਰਾਸਤ ਵਿਚ ਹੋਈ ਪੁੱਛਗਿੱਛ ਦੌਰਾਨ, ਉਸ ਉਤੇ ਭਾਰੀ ਅਣਮਨੁੱਖੀ ਅੱਤਿਆਚਾਰ ਕੀਤਾ ਗਿਆ। ਬਿਮਲ ਕੌਰ ਦੇ ਤਿੰਨ ਛੋਟੇ ਬੱਚੇ (ਅੰਮ੍ਰਿਤ ਕੌਰ, ਸਰਬਜੀਤ ਸਿੰਘ ਅਤੇ ਜਸਵਿੰਦਰ ਸਿੰਘ) ਸਨ, ਜਿਨ੍ਹਾਂ ਨੂੰ ਗਲੀ, ਮਹੱਲੇ, ਸਕੂਲ- ਹਰ ਥਾਂ ਕੈਰੀ ਅੱਖ ਨਾਲ ਵੇਖਿਆ ਜਾ ਰਿਹਾ ਸੀ। ਬੱਚਿਆਂ ਨੂੰ ਵੀ ਸਕੂਲ ਤੋਂ ਕੱਢ ਦਿੱਤਾ ਗਿਆ। ਇਕ ਤਰ੍ਹਾਂ ਨਾਲ ਸਾਰੇ ਪਰਿਵਾਰ ਦਾ ਜੀਊਣਾ ਦੁੱਭਰ ਹੋ ਗਿਆ ਸੀ। ਹਾਰ ਕੇ ਇਸ ਨੇ ਦਿੱਲੀ ਛੱਡ ਦਿੱਤਾ ਅਤੇ ਦਮਦਮੀ ਟਕਸਾਲ, ਜਿਸ ਦੇ ਮੁਖੀ ਉਸ ਸਮੇਂ ਬਾਬਾ ਠਾਕਰ ਸਿੰਘ ਜੀ ਸਨ, ਦੀ ਮਦਦ ਨਾਲ, ਬੱਚਿਆਂ ਨੂੰ ਲੈ ਕੇ, ਚੰਡੀਗੜ੍ਹ ਦੇ ਨਜ਼ਦੀਕ, ਆਪਣੇ ਸਹੁਰੇ ਪਿੰਡ ਮਲੋਆ ਆ ਗਈ।

ਬਾਕੀ ਅਗਲੇ ਸਫ਼ੇ 'ਤੇ

# ਖ਼ਾਲਸਾ ਅਖ਼ਬਾਰ ਵਿਸ਼ੇਸ਼

ਖ਼ਾਲਸਾ ਅਖ਼ਬਾਰ

*ਪਿਛਲੇ ਸਫ਼ੇ ਦੀ ਬਾਕੀ*

ਇਨ੍ਹਾਂ ਦਿਨਾਂ ਵਿਚ ਇਸ ਪਰਿਵਾਰ ਨੇ ਜੋ ਕਸ਼ਟ ਸਹੇ, ਬਿਆਨ ਨਹੀਂ ਕੀਤੇ ਜਾ ਸਕਦੇ। ਕੋਈ ਇਨ੍ਹਾਂ ਨੂੰ ਰਹਿਣ ਲਈ ਕਿਰਾਏ 'ਤੇ ਕਮਰਾ ਤੱਕ ਦੇਣ ਲਈ ਤਿਆਰ ਨਹੀਂ ਸੀ। ਵੇਖਿਆ ਜਾਵੇ ਤਾਂ ਬੀਬੀ ਬਿਮਲ ਕੌਰ ਕੋਲ ਹੁਣ ਕੁਝ ਵੀ ਬਾਕੀ ਨਹੀਂ ਸੀ ਰਿਹਾ। ਸਿਰ ਦਾ ਸਾਈਂ ਬੇਅੰਤ ਸਿੰਘ ਕੌਮ ਲਈ ਸ਼ਹੀਦ ਹੋ ਚੁੱਕਾ ਸੀ। ਇਸ ਦੀ ਆਪਣੀ ਸਰਕਾਰੀ ਨੌਕਰੀ ਵੀ ਛੁੱਟ ਚੁੱਕੀ ਸੀ। ਬੱਚਿਆਂ ਨੂੰ ਕੋਈ ਸਕੂਲ ਦਾਖ਼ਲ ਨਹੀਂ ਸੀ ਕਰ ਰਿਹਾ। ਉਸ ਸਮੇਂ ਦਮਦਮੀ ਟਕਸਾਲ ਨੇ ਇਸ ਪਰਿਵਾਰ ਦੀ ਬਾਂਹ ਫੜ੍ਹੀ। ਦੋ-ਤਿੰਨ ਸਾਲ ਲਗਾਤਾਰ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ। ਜਿੱਥੇ ਇਨ੍ਹਾਂ ਦੇ ਰਹਿਣ ਵਾਸਤੇ ਮਕਾਨ ਬਣਾ ਕੇ ਦਿੱਤਾ, ਉਥੇ ਹਰ ਤਰ੍ਹਾਂ ਦੀ ਆਰਥਿਕ ਮਦਦ ਵੀ ਕੀਤੀ।ਸ਼ਹੀਦ ਬੇਅੰਤ ਸਿੰਘ ਦੀ ਸਿੰਘਣੀ- ਬੀਬੀ ਬਿਮਲ ਕੌਰ ਨੇ ਵੀ ਹੁਣ ਸਿੱਖ ਕੌਮ ਵਾਸਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਸਮਰਪਿਤ ਕਰ ਦਿੱਤਾ ਅਤੇ ਬਹੁਤ ਹੀ ਯਾਦਗਾਰੀ ਕੰਮ ਕੀਤੇ। ਜਿੱਥੇ ਕਿਤੇ ਵੀ ਇਸ ਨੂੰ ਕਿਸੇ ਸ਼ਹੀਦ ਪਰਿਵਾਰ ਦਾ ਪਤਾ ਲੱਗਦਾ ਤਾਂ ਫੌਰਨ ਉਸ ਦੀ ਮਦਦ ਵਾਸਤੇ ਪਹੁੰਚ ਜਾਂਦੀ। ਪਰਿਵਾਰ ਨੂੰ ਹੌਸਲਾ ਦਿੰਦੀ ਅਤੇ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਸਪੋਰਟ ਕਰਦੀ। ਇਸ ਨੇ ਆਪਣਾ ਰਹਿੰਦਾ ਜੀਵਨ ਸਿੱਖ ਕੌਮ ਦੀ ਚੜ੍ਹਦੀ ਕਲਾ ਵਾਸਤੇ ਬਿਤਾਉਣ ਦਾ ਇਕ ਤਰਾਂ ਨਿਰਣਾ ਲੈ ਲਿਆ ਅਤੇ ਉਸ 'ਤੇ ਪੂਰੀ ਤਰ੍ਹਾਂ ਨਾਲ ਫੁੱਲ ਚੜ੍ਹਾਏ। -2-ਕਿਸੇ ਸਮੇਂ ਹੋਲੇ ਮਹੱਲੇ ਦੌਰਾਨ ਸਮਾਗਮਾਂ ਦੌਰਾਨ ਵੱਖ-ਵੱਖ ਰਾਜਸੀ ਪਾਰਟੀਆਂ ਵੱਲੋਂ ਅਨੰਦਪੁਰ ਸਾਹਿਬ ਵਿਖੇ ਵੱਡੀਆਂ ਕਾਨਫਰੰਸਾਂ ਕੀਤੀਆਂ ਜਾਂਦੀਆਂ ਸਨ ਅਤੇ ਲੋਕ ਵੀ ਉਨ੍ਹਾਂ ਵਿਚ ਬਹੁਤ ਦਿਲਚਸਪੀ ਲਿਆ ਕਰਦੇ ਸਨ। ਮੈਨੂੰ ਵੀ ਇਹ ਸ਼ੌਂਕ ਬਚਪਨ ਤੋਂ ਹੀ ਲੱਗ ਗਿਆ ਸੀ।

ਇਸ ਵੇਰ ਸਭ ਤੋਂ ਪਹਿਲਾਂ ਮੈਂ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਵਿਚ ਗਿਆ ਅਤੇ ਅਕਾਲੀ ਲੀਡਰਾਂ- ਟੌਹੜਾ, ਤਲਵੰਡੀ, ਲੌਂਗੋਵਾਲ, ਬਾਦਲ ਆਦਿ ਦੀਆਂ ਉਹੀ ਘਸੀਆਂ-ਪਿਟੀਆਂ ਤਕਰੀਰਾਂ ਸੁਣੀਆਂ। ਉਥੋਂ ਨਜ਼ਦੀਕ ਹੀ, ਸਰੋਵਰ ਦੇ ਸਾਹਮਣੇ ਖੁੱਲ੍ਹੇ ਮੈਦਾਨ ਵਿਚ, ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਾਨਫਰੰਸ ਚੱਲ ਰਹੀ ਸੀ। ਜ਼ੋਰੋ-ਸ਼ੋਰ ਜੈਕਾਰਿਆਂ ਦੇ ਆਵਾਜ਼ੇ ਆ ਰਹੇ ਸਨ। ਮੈਂ ਉਚੇਚੇ ਤੌਰ 'ਤੇ ਇਸ ਨੂੰ ਸੁਣਨ ਵਾਸਤੇ ਗਿਆ ਤਾਂ ਵੇਖਿਆ ਕਿ ਉਥੇ ਸਿੱਖ ਸੰਗਤਾਂ ਹੁਮ ਹੁਮਾ ਕੇ ਪੁੱਜੀਆਂ ਹੋਈਆਂ ਸਨ ਅਤੇ ਸਾਰੇ ਪ੍ਰੋਗਰਾਮ ਪੂਰੀ ਦਿਲਚਸਪੀ ਨਾਲ ਵੇਖ ਅਤੇ ਸੁਣ ਰਹੀਆਂ ਸਨ।ਸਟੇਜ ਉੱਤੇ ਭਾਰੀ ਗਿਣਤੀ ਵਿਚ ਸ਼ਹੀਦ ਪਰਿਵਾਰਾਂ ਦੇ ਮੈਂਬਰ ਬੈਠੇ ਹੋਏ ਸਨ। ਸਟੇਜ ਸਕੱਤਰ ਇਕ ਇਕ ਨੂੰ ਬੁਲਾਉਂਦਾ, ਉਨ੍ਹਾਂ ਦੇ ਪਰਿਵਾਰ ਦੀ ਦਾਸਤਾਨ ਦੱਸਦਾ ਅਤੇ ਫਿਰ ਜੈਕਾਰਿਆਂ ਦੀ ਗੂੰਜ ਵਿਚ ਉਨ੍ਹਾਂ ਦੇ ਗਲ ਵਿਚ ਖੱਟੇ ਰੰਗ ਦੇ ਸਿਰੋਪਾਉ ਅਤੇ ਫੁੱਲਾਂ ਦੇ ਹਾਰ ਪਾਏ ਜਾਂਦੇ। ਬੀਬੀ ਬਿਮਲ ਕੌਰ ਖ਼ਾਲਸਾ ਵੀ ਆਪਣੇ ਇਕ ਬੱਚੇ ਨਾਲ ਸਟੇਜ ਉੱਤੇ ਬੈਠੀ ਹੋਈ ਸੀ ਅਤੇ ਹਰ ਕੋਈ ਵੇਖ ਰਿਹਾ ਸੀ ਕਿ ਕਦੋਂ ਉਸ ਨੂੰ ਸਿਰੋਪਾਓ ਦਿੱਤਾ ਜਾਂਦਾ ਹੈ। ਬੀਬੀ ਬਿਮਲ ਕੌਰ ਦੀ ਵਾਰੀ ਆਈ ਤਾਂ ਸਟੇਜ ਸਕੱਤਰ ਨੇ ਪਹਿਲਾਂ ਤਾਂ ਸਾਰੇ ਹਾਲਾਤ ਦੱਸੇ ਕਿ ਕਿਵੇਂ ਕੌਮ ਦੇ ਦੋ ਅਣਖੀ ਸੂਰਮਿਆਂ- ਭਾਈ ਬੇਅੰਤ ਸਿੰਘ ਤੇ ਭਾਈ ਸਤਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਕੇ, ਅਗਲੇ ਜਹਾਨ ਤੋਰਿਆ। ਦਿੱਲੀ ਦੀ ਜ਼ਾਲਮ ਪੁਲੀਸ ਵੱਲੋਂ ਸ਼ਹੀਦ ਬੇਅੰਤ ਸਿੰਘ ਦੀ ਸਿੰਘਣੀ ਬਿਮਲ ਕੌਰ ਖ਼ਾਲਸਾ ਨੂੰ ਉਸੇ ਦਿਨ, ਉਸ ਦੀ ਡਿਊਟੀ ਦੌਰਾਨ ਗ੍ਰਿਫਤਾਰ ਕਰ ਲਿਆ ਗਿਆ, ਹਿਰਾਸਤ ਵਿਚ ਰੱਖ ਕੇ ਕਈ ਤਰ੍ਹਾਂ ਦੇ ਅੱਤਿਆਚਾਰ ਢਾਹੇ ਗਏ। ਛੋਟੇ-ਛੋਟੇ ਬੱਚਿਆਂ ਦਾ ਵੀ ਕੋਈ ਲਿਹਾਜ਼ ਨਾ ਕੀਤਾ ਗਿਆ। ਜਿੱਥੇ ਬੀਬੀ ਬਿਮਲ ਕੌਰ ਨੂੰ ਨੌਕਰੀ ਤੋਂ ਛੁੱਟੀ ਕਰ ਦਿੱਤੀ ਹੈ, ਉਥੇ ਇਸ ਦੇ ਬੱਚਿਆਂ ਨੂੰ ਵੀ ਸਕੂਲ ਤੋਂ ਕੱਢ ਦਿੱਤਾ ਗਿਆ ਹੈ। ਜ਼ਾਲਮ ਸਰਕਾਰ ਨੇ ਇਕ ਤਰ੍ਹਾਂ ਨਾਲ ਸਾਰਾ ਪਰਿਵਾਰ ਹੀ ਰੋਲ ਕੇ ਰੱਖ ਦਿੱਤਾ ਹੈ। ਇਹ ਤਾਂ ਦਮਦਮੀ ਟਕਸਾਲ ਸੀ ਜਿਸ ਨੇ ਪਰਿਵਾਰ ਨੂੰ ਗਲ ਨਾਲ ਲਾਇਆ।

ਬੱਚਿਆਂ ਦੀ ਪੜ੍ਹਾਈ ਮੁੜ ਸ਼ੁਰੂ ਹੋਈ ਅਤੇ ਹਰ ਤਰ੍ਹਾਂ ਦੀ ਆਰਥਿਕ ਤੇ ਨੈਤਿਕ ਸਪੋਰਟ ਵੀ ਕੀਤੀ।ਜਦੋਂ ਬੀਬੀ ਬਿਮਲ ਕੌਰ ਖ਼ਾਲਸਾ ਨੂੰ ਸਿਰੋਪਾਓ ਲੈਣ ਲਈ ਬੁਲਾਇਆ ਗਿਆ ਤਾਂ ਜੋ ਜ਼ੋਰਦਾਰ ਜੈਕਾਰੇ ਗੂੰਜੇ, ਇੰਜ ਲੱਗਦਾ ਸੀ ਕਿ ਉਨ੍ਹਾਂ ਦੀ ਆਵਾਜ਼ ਦਿੱਲੀ ਤੱਕ ਜ਼ਰੂਰ ਪਹੁੰਚੀ ਹੋਵੇਗੀ। 'ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ 'ਪੰਥ ਕੀ ਜੀਤ', 'ਰਾਜ ਕਰੇਗਾ ਖ਼ਾਲਸਾ' ਅਤੇ 'ਅੜੇ ਸੋ ਝੜੇ, ਸ਼ਰਨ ਪੜੇ ਸੋ ਤਰੇ' ਆਦਿਕ ਨਾਹਰੇ ਵੀ ਖ਼ੂਬ ਬੁਲੰਦ ਹੋਏ। 'ਜੈਕਾਰ ਕੀਓ ਧਰਮੀਆ ਕਾ, ਪਾਪੀ ਕੋ ਦੰਡ ਦੀਓਇ' ਮੁਤਾਬਿਕ ਬੀਬੀ ਬਿਮਲ ਕੌਰ ਖ਼ਾਲਸਾ ਨੂੰ ਵੱਖ-ਵੱਖ ਜਥੇਬੰਦੀਆਂ ਵੱਲੋਂ ਸਿਰੋਪਾਓ ਅਤੇ ਹਾਰਾਂ ਨਾਲ ਲੱਦ ਦਿੱਤਾ ਗਿਆ। ਇਥੇ ਹੀ ਬੱਸ ਨਹੀਂ, ਉਸ ਦਾ ਪਿਆਰਾ ਬੇਟਾ ਸਰਬਜੀਤ ਸਿੰਘ, ਜੋ ਉਸ ਦੇ ਨਾਲ ਸੀ, ਉਸ ਦੇ ਗਲ ਵਿਚ ਵੀ ਸਿਰੋਪਾਓ ਪਾਇਆ ਗਿਆ ਅਤੇ ਫੁੱਲਾਂ ਦੇ ਹਾਰ ਵੀ ਪਾਏ ਗਏ। ਮੈਂ ਇਹ ਸਭ ਕੁਝ ਆਪਣੀ ਅੱਖੀਂ ਵੇਖਿਆ ਅਤੇ ਗੁਰੂ ਮਹਾਰਾਜ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਦੇ ਸਿਰ 'ਤੇ ਹੱਥ ਰੱਖ ਕੇ ਇਹ ਸਾਰੀ ਕਲਾ ਵਰਤਾਈ ਸੀ।ਸਟੇਜ ਤੋਂ ਸਿਰੋਪਾਓ ਲੈਣ ਤੋਂ ਪਹਿਲਾਂ ਜਦੋਂ ਮੈਂ ਬੀਬੀ ਬਿਮਲ ਕੌਰ ਖ਼ਾਲਸਾ ਨੂੰ ਵੇਖਿਆ ਤਾਂ ਉਹ ਕੁਝ ਘਬਰਾਈ ਜਿਹੀ ਲੱਗਦੀ ਸੀ। ਆਸ-ਪਾਸ ਬੈਠੇ ਵਿਅਕਤੀਆਂ ਅਤੇ ਸਟੇਜ ਦਾ ਸੰਚਾਲਨ ਕਰਨ ਵਾਲਿਆਂ ਨਾਲ ਵੀ ਮੁੜ-ਮੁੜ ਕੋਈ ਗੱਲਬਾਤ ਕਰ ਰਹੀ ਸੀ, ਲੇਕਿਨ ਉਸ ਦੀ ਘਬਰਾਹਟ ਦੂਰ ਹੁੰਦੀ ਨਹੀਂ ਸੀ ਦਿੱਸਦੀ।

ਬੀਬੀ ਬਿਮਲ ਕੌਰ ਖ਼ਾਲਸਾ ਨੂੰ ਸਿਰੋਪਾਉ ਮਿਲਣ ਦੀ ਦੇਰ ਸੀ ਕਿ ਸਾਰਾ ਸਮਾਗਮ ਹੌਲੀ-ਹੌਲੀ ਖਿੰਡਣ ਲੱਗ ਪਿਆ। ਬੀਬੀ ਖ਼ਾਲਸਾ ਪ੍ਰਬੰਧਕਾਂ ਤੋਂ ਫਿਰ ਕੁਝ ਪੁੱਛ ਰਹੀ ਸੀ, ਲੇਕਿਨ ਜਵਾਬ ਤਸੱਲੀਬਖ਼ਸ਼ ਨਾ ਮਿਲਣ ਕਾਰਨ ਕੁਝ ਖਿਝਦੀ ਜਿਹੀ ਜਾਪੀ। ਇਕ ਤਾਂ ਆਸ-ਪਾਸ ਦੇ ਸਪੀਕਰਾਂ ਦਾ ਸ਼ੋਰ ਅਤੇ ਫਿਰ ਇਸ ਸਟੇਜ ਦੇ ਸਪੀਕਰ ਦੀ ਆਵਾਜ਼ ਵੀ ਇਤਨੀ ਉੱਚੀ ਸੀ ਕਿ ਕੁਝ ਵੀ ਸਪਸ਼ਟ ਸੁਣਾਈ ਨਹੀਂ ਸੀ ਦਿੰਦਾ। ਇਹ ਵੀ ਹੋ ਸਕਦਾ ਹੈ ਕਿ ਬੀਬੀ ਖ਼ਾਲਸਾ ਜੋ ਕੁਝ ਪੁੱਛ ਰਹੀ ਹੈ, ਉਹ ਜਾਂ ਤਾਂ ਉਨ੍ਹਾਂ ਦੀ ਸਮਝ ਵਿਚ ਨਾ ਆ ਰਿਹਾ ਹੋਵੇ ਜਾਂ ਉਹ ਜੋ ਜਵਾਬ ਦੇ ਰਹੇ ਹਨ, ਉਨ੍ਹਾਂ ਨਾਲ ਬੀਬੀ ਦੀ ਤਸੱਲੀ ਨਾ ਹੋ ਰਹੀ ਹੋਵੇ ਅਤੇ ਸ਼ਾਇਦ ਇਸੇ ਕਾਰਨ ਉਹ ਨਿਰਾਸ ਹੁੰਦੀ ਜਾ ਰਹੀ ਸੀ। ਉਹ ਸਭ ਨੂੰ ਦੂਰੋਂ ਹੀ ਫ਼ਤਿਹ ਬੁਲਾ ਕੇ ਸਮਾਗਮ ਤੋਂ ਬਾਹਰ ਜਾ ਰਹੀ ਸੀ ਅਤੇ ਬਾਹਰ ਜਾ ਕੇ ਫਿਰ ਉਥੇ ਖੜੇ ਲੋਕਾਂ ਤੋਂ ਕੁਝ ਪੁੱਛ-ਗਿੱਛ ਕਰਨ ਲੱਗੀ। ਮੈਂ ਇਹ ਸਾਰਾ ਕੁਝ ਦੂਰ ਤੋਂ ਵਾਚ ਕਰ ਰਿਹਾ ਸੀ, ਜਦੋਂ ਸਮਾਗਮ ਤਕਰੀਬਨ ਸਾਰਾ ਹੀ ਖਿੰਡ ਗਿਆ ਤਾਂ ਹੌਲੀ-ਹੌਲੀ ਬੀਬੀ ਖ਼ਾਲਸਾ ਪਾਸ ਪੁੱਜਿਆ ਅਤੇ ਪੁੱਛਿਆ ਕਿ ਭੈਣ ਜੀ ਕੀ ਗੱਲ ਹੈ, ਕੀ ਮੈਂ ਆਪ ਦੀ ਪਰੇਸ਼ਾਨੀ ਨੂੰ ਜਾਣ ਸਕਦਾ ਹਾਂ? ਬੀਬੀ ਖ਼ਾਲਸਾ ਕਹਿਣ ਲੱਗੀ ਕਿ ਹਾਂ-ਹਾਂ, ਕਿਉਂ ਨਹੀਂ। ਮੈਂ ਜਦੋਂ ਦੀ ਆਈ ਹਾਂ, ਪ੍ਰਬੰਧਕਾਂ ਨੂੰ ਅਤੇ ਸਭ ਨੂੰ ਇਕ ਐਡਰੈੱਸ ਪੁੱਛ ਰਹੀ ਹਾਂ ਅਤੇ ਮੈਂ ਉਥੇ ਹਰ ਹਾਲਤ ਵਿਚ ਪੁੱਜਣਾ ਹੈ। ਮੈਂ ਪੁੱਛਿਆ ਕਿ ਕਿਸ ਦਾ ਐਡਰੈੱਸ ਪੁੱਛ ਰਹੇ ਹੋ ਤਾਂ ਬੀਬੀ ਖ਼ਾਲਸਾ ਨੇ ਕਿਹਾ ਕਿ ਉਹ ਕੋਈ ਆਮ ਵਿਅਕਤੀ ਨਹੀਂ, ਇਸ ਇਲਾਕੇ ਦੇ ਬੜੇ ਮਸ਼ਹੂਰ ਵਿਅਕਤੀ ਹਨ, ਲੇਕਿਨ ਕੋਈ ਦੱਸ ਹੀ ਨਹੀਂ ਰਿਹਾ। ਇਸ 'ਤੇ ਮੈਂ ਕਿਹਾ ਕਿ ਇਹ ਜੋ ਪ੍ਰੋਗਰਾਮ ਕਰਨ ਵਾਲੇ ਹਨ, ਇਹ ਸਾਰੇ ਬਾਹਰ ਤੋਂ ਆਏ ਹਨ ਅਤੇ ਜੋ ਪ੍ਰੋਗਰਾਮ ਸੁਣਨ ਵਾਲੇ ਸਰੋਤੇ ਬੈਠੇ ਹਨ ਜਾਂ ਇਹ ਜੋ ਸੰਗਤ ਬੈਠੀ ਹੈ- ਇਹ ਵੀ ਲੱਗਭਗ ਬਾਹਰ ਦੀ ਹੀ ਹੈ। ਇਸ ਇਲਾਕੇ ਦਾ ਸ਼ਾਇਦ ਹੀ ਕੋਈ ਹੋਵੇਗਾ। ਤੁਸੀਂ ਮੈਨੂੰ ਦੱਸੋ, ਮੈਂ ਇਸੇ ਇਲਾਕੇ ਦਾ ਹਾਂ, ਸ਼ਾਇਦ ਆਪ ਦੀ ਪਰੇਸ਼ਾਨੀ ਨੂੰ ਦੂਰ ਕਰ ਸਕਾਂ। ਇਸ 'ਤੇ ਬੀਬੀ ਖ਼ਾਲਸਾ ਨੇ ਕਿਹਾ ਕਿ ਮੈਂ ਸੰਤ ਅਜੀਤ ਸਿੰਘ ਜੀ- ਗੁਰਦੁਆਰਾ ਪਰਿਵਾਰ ਵਿਛੋੜੇ ਵਾਲਿਆਂ ਦੇ ਡੇਰੇ ਜਾਣਾ ਹੈ, ਲੇਕਿਨ ਕੋਈ ਪਤਾ ਨਹੀਂ ਲੱਗ ਰਿਹਾ। ਮੈਂ ਕਿਹਾ ਬੱਸ ਇਤਨੀ ਗੱਲ ਹੈ, ਚੱਲੋ, ਮੈਂ ਤੁਹਾਨੂੰ ਦੱਸਦਾ ਹਾਂ। ਆਪ ਮੇਰੇ 'ਤੇ ਭਰੋਸਾ ਕਰੋ, ਮੈਂ ਤੁਹਾਨੂੰ ਉਥੇ ਸਹੀ ਸਲਾਮਤ ਪਹੁੰਚਾ ਦੇਵਾਂਗਾ। ਬੀਬੀ ਖ਼ਾਲਸਾ ਨੂੰ ਕੁਝ ਤਸੱਲੀ ਜਿਹੀ ਹੁੰਦੀ ਜਾਪੀ। ਕਹਿਣ ਲੱਗੀ ਕਿ ਮੈਂ ਬਹੁਤ ਥੱਕੀ ਹੋਈ ਹਾਂ, ਬੱਚਾ ਸਰਬਜੀਤ ਸਿੰਘ ਵੀ ਬੜਾ ਪਰੇਸ਼ਾਨ ਹੋ ਰਿਹਾ ਹੈ। ਇਸ ਦੇ ਗਲ ਵਿਚ ਜੋ ਏਨੇ ਸਾਰੇ ਫੁੱਲਾਂ ਦੇ ਹਾਰ ਪਾਏ ਗਏ ਹਨ, ਉਸ ਨਾਲ ਵੀ ਗਰਮੀ ਮਹਿਸੂਸ ਕਰ ਰਿਹਾ ਹੈ। ਪਹਿਲਾਂ ਤਾਂ ਆਪਾਂ ਇਹਦੇ ਹਾਰ ਲਾਹੀਏ। ਬੱਚੇ ਦੇ ਗਲ ਵਿਚੋਂ ਹਾਰ ਲਾਹੇ ਗਏ ਤਾਂ ਉਸ ਨੇ ਵੀ ਕੁਝ ਸੁਰਖਰੂ ਜਿਹਾ ਮਹਿਸੂਸ ਕੀਤਾ। ਮੈਂ ਕਿਹਾ- "ਭੈਣ ਜੀ, ਇਥੋਂ ਡੇਰਾ ਵਧੇਰੇ ਦੂਰ ਨਹੀਂ, ਪਰ ਕਿਉਂਕਿ ਸੰਗਤਾਂ ਦਾ ਭੀੜ ਭੜੱਕਾ ਹੈ, ਇਸ ਲਈ ਕੁਝ ਵਕਤ ਤਾਂ ਜ਼ਰੂਰ ਲੱਗੇਗਾ, ਐਪਰ ਫਿਕਰ ਨਾ ਕਰੋ, ਦਸ-ਪੰਦਰਾਂ ਮਿੰਟਾਂ ਵਿਚ ਹੀ ਆਪਾਂ ਉਥੇ ਪਹੁੰਚ ਜਾਵਾਂਗੇ।" ਮੈਂ ਦੋਨਾਂ ਨੂੰ ਨਾਲ ਲੈ ਕੇ ਤੁਰ ਪਿਆ, ਬੱਚੇ ਨੂੰ ਉਨ੍ਹਾਂ ਨੇ ਕੁੱਛੜ ਚੁੱਕ ਲਿਆ ਅਤੇ ਅਸੀਂ ਸੰਗਤਾਂ ਨੂੰ ਰਾਹ ਦੇਣ ਵਾਸਤੇ ਕਹਿੰਦੇ ਹੋਏ, ਹੌਲੀ-ਹੌਲੀ ਅੱਗੇ ਚੱਲਦੇ ਗਏ। ਕਾਫੀ ਸੰਗਤ ਸਾਨੂੰ ਘੇਰੀ ਖੜ੍ਹੀ ਸੀ। ਬਹੁਤੇ ਲੋਕਾਂ ਨੇ ਤਾਂ ਸ਼ਾਇਦ ਪਹਿਲੀ ਵੇਰ ਹੀ ਸ਼ਹੀਦ ਬੇਅੰਤ ਸਿੰਘ ਦੀ ਪਤਨੀ ਨੂੰ ਵੇਖਿਆ ਸੀ ਅਤੇ ਉਹ ਬਾਰ-ਬਾਰ ਵੇਖ ਰਹੇ ਸਨ ਕਿ ਕੈਸੀ ਦਿਲ ਵਾਲੀ ਸਿੰਘਣੀ ਹੈ ਅਤੇ ਇਸ ਦਾ ਪਤੀ ਵੀ ਕਿਤਨਾ ਬਹਾਦਰ ਹੋਵੇਗਾ, ਜਿਸ ਨੇ ਦੇਸ ਦੀ ਪ੍ਰਧਾਨ ਮੰਤਰੀ ਨੂੰ ਗੋਲੀਆਂ ਮਾਰ ਕੇ ਫੜਕਾ ਦਿੱਤਾ ਸੀ ਅਤੇ ਫਿਰ ਆਪ ਵੀ ਮੌਕੇ 'ਤੇ ਹੀ ਕੌਮ ਲਈ ਸ਼ਹੀਦ ਹੋ ਗਿਆ ਸੀ। ਕੁਝ ਲੋਕ ਬੱਚੇ ਦੀ ਪਿੱਠ ਨੂੰ ਥਾਪੜਦੇ ਹੋਏ ਕਹਿ ਰਹੇ ਸਨ ਕਿ ਬਹਾਦਰ ਬਾਪ ਦਾ ਬੇਟਾ ਵੀ ਬੜਾ ਬਹਾਦਰ ਜਾਪ ਰਿਹਾ ਹੈ, ਵੱਡਾ ਹੋ ਕੇ ਇਹ ਵੀ ਜ਼ਰੂਰ ਕੋਈ ਕਾਰਨਾਮੇ ਕਰੇਗਾ। ਇਕ ਵੱਡੀ ਉਮਰ ਦੀ ਬੀਬੀ ਨੇ ਆਪਣੀ ਪੋਟਲੀ ਖੋਲ੍ਹ ਕੇ, ਸਾਡੇ ਰੋਕਦੇ-ਰੋਕਦੇ ਬੱਚੇ ਦੀ ਜੇਬ ਵਿਚ 10-10 ਦੇ ਦੋ-ਚਾਰ ਨੋਟ ਘਸੋੜ ਦਿੱਤੇ ਅਤੇ ਅਗਲੇ ਹੀ ਪਲ, ਅੱਗੇ ਹੋ ਕੇ, ਪਿਆਰ ਨਾਲ ਬੱਚੇ ਦਾ ਮੱਥਾ ਵੀ ਚੁੰਮ ਲਿਆ ਸੀ। ਆਸ-ਪਾਸ ਖੜ੍ਹੀਆਂ ਸੰਗਤਾਂ ਦਾ ਘੇਰਾ ਕੁਝ ਘਟਿਆ ਤਾਂ ਅਸੀਂ ਉਨ੍ਹਾਂ ਨੂੰ ਫ਼ਤਹਿ ਬੁਲਾ ਕੇ ਅਗਲੀ ਮੰਜ਼ਿਲ ਵੱਲ ਚੱਲ ਪਏ।

ਮੈਂ ਬੀਬੀ ਬਿਮਲ ਕੌਰ ਖ਼ਾਲਸਾ ਨੂੰ ਕਿਹਾ ਕਿ ਭੈਣ ਜੀ ਤੁਸੀਂ ਥੱਕ ਗਏ ਹੋਵੋਗੇ, ਕੁਝ ਸਮੇਂ ਲਈ ਬੱਚਾ ਮੈਨੂੰ ਚੁਕਾ ਦਿਓ, ਮੈਂ ਇਸ ਨੂੰ ਚੁੱਕ ਲੈਂਦਾ ਹਾਂ। ਕਹਿਣ ਲੱਗੇ- 'ਨਹੀਂ ਨਹੀਂ, ਮੈਂ ਠੀਕ ਹਾਂ, ਮੈਂ ਠੀਕ ਹਾਂ।' ਮੈਂ ਇਕ ਅੱਧੀ ਵਾਰ ਫਿਰ ਕਿਹਾ ਤਾਂ ਉਹ ਮੰਨ ਗਏ, ਲੇਕਿਨ ਹੁਣ ਬੱਚਾ ਕੁੱਛੜ ਨਾ ਚੜ੍ਹੇ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਵਿਚ ਇਕ ਅਜਿਹਾ ਵਾਕਿਆ ਹੋ ਚੁੱਕਾ ਸੀ ਕਿ ਰਾਗੀ ਭਾਈ ਸੁਰਿੰਦਰ ਸਿੰਘ ਜੀ ਪਟਨਾ ਸਾਹਿਬ ਵਾਲੇ, ਜਿਨ੍ਹਾਂ ਨੇ ਬਾਅਦ ਵਿਚ ਸ੍ਰੀ ਦਰਬਾਰ ਸਾਹਿਬ ਕੀਰਤਨ ਦੀ ਸੇਵਾ ਸੰਭਾਲੀ ਸੀ, ਨੇ ਜੂਨ 84 ਦੇ ਘਲੂਘਾਰੇ ਬਾਅਦ ਜਦੋਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਗੁਰੂ ਘਰ ਮੱਥਾ ਟੇਕਣ ਆਇਆ ਸੀ ਤਾਂ 'ਕੁੱਤਾ ਰਾਜ ਬਹਾਲੀਐ, ਫਿਰਿ ਚੱਕੀ ਚਟੇ' ਵਾਲਾ ਸ਼ਬਦ ਪੜ੍ਹਿਆ ਸੀ, ਜਿਸ ਦੀ ਬੜੀ ਚਰਚਾ ਹੋਈ ਸੀ ਅਤੇ ਇਸ ਤੋਂ ਕੁਝ ਦਿਨਾਂ ਬਾਅਦ ਹੀ ਭਾਈ ਸੁਰਿੰਦਰ ਸਿੰਘ ਜੀ ਦੇ ਬੱਚੇ ਦੇ ਗੁੰਮ ਹੋ ਜਾਣ ਦੀ ਖ਼ਬਰ ਵੀ ਬਹੁਤ ਫੈਲੀ ਸੀ। ਮੈਨੂੰ ਲੱਗਦਾ ਹੈ ਕਿ ਅਜਿਹੇ ਕਾਰਨਾਂ ਕਰਕੇ ਹੀ ਖ਼ਾਲਸਾ ਭੈਣ ਜੀ ਬੱਚਿਆਂ ਨੂੰ ਝਿੜਕ ਕੇ ਰੱਖਦੇ ਹੋਣਗੇ ਕਿ ਐਵੇਂ ਕਿਸੇ ਦੇ ਪਿੱਛੇ ਨਹੀਂ ਲੱਗੀਦਾ, ਲੋਕ ਬੜੇ ਖਰਾਬ ਹਨ, ਉਹ ਤੁਹਾਨੂੰ ਕਿਤੇ ਵੀ ਲੈ ਜਾਣਗੇ।' ਉਹ ਮੰਨ ਗਈ ਤਾਂ ਹੁਣ ਬੱਚਾ ਅੜ ਗਿਆ ਸੀ ਕਿ ਮੈਂ ਨਹੀਂ ਕਿਸੇ ਕੋਲ ਜਾਣਾ। ਬਿਮਲ ਕੌਰ ਭੈਣ ਜੀ ਨੇ ਸਮਝਾਉਂਦੇ ਹੋਏ ਕਿਹਾ ਕਿ ਬੇਟਾ ਘਬਰਾ ਨਾ। ਇਹ ਵੀਰ ਜੀ ਬੜੇ ਚੰਗੇ ਹਨ। ਤੈਨੂੰ ਕਿਤੇ ਨਹੀਂ ਲੈ ਕੇ ਜਾਂਦੇ, ਮੈਂ ਵੀ ਤਾਂ ਤੇਰੇ ਨਾਲ ਹੀ ਹਾਂ।

ਮੈਂ ਬਹੁਤ ਥੱਕ ਗਈ ਹਾਂ, ਕੁਝ ਮੇਰੇ ਉਤੇ ਹੀ ਰਹਿਮ ਕਰ। ਕੀ ਤੈਨੂੰ ਮੇਰੇ 'ਤੇ ਤਰਸ ਨਹੀਂ ਆਉਂਦਾ? ਬੱਚੇ ਨੇ ਮਾਂ 'ਤੇ ਸੱਚਮੁੱਚ ਤਰਸ ਕੀਤਾ, ਉਸ ਦੀ 'ਰਹਿਮ ਦੀ ਅਪੀਲ' ਮੰਨੀ ਗਈ ਅਤੇ ਮਾਂ ਦਾ ਕੁੱਛੜ ਛੱਡ ਕੇ, ਪਲਾਕੀ ਮਾਰ ਕੇ ਮੇਰੇ ਕੁੱਛੜ ਚੜ੍ਹ ਗਿਆ। ਇਸ ਤਰ੍ਹਾਂ ਮੈਨੂੰ ਸੇਵਾ ਦਾ ਮੌਕਾ ਮਿਲਿਆ ਸੀ। ਸਾਡੇ ਗੱਲਾਂ ਕਰਦਿਆਂ ਹੀ ਅਨੰਦਪੁਰ ਸਾਹਿਬ ਤੋਂ ਰੋਪੜ ਵੱਲ ਨੂੰ ਜਾਣ ਵਾਲੀ ਮੇਨ ਸੜਕ ਆ ਗਈ। ਉਸ ਨੂੰ ਕਰਾਸ ਕੀਤਾ ਤਾਂ ਕੁਝ ਕਦਮਾਂ ਬਾਅਦ ਹੀ ਰੇਲਵੇ ਦੀ ਲਾਈਨ ਆ ਗਈ। ਸ਼ੁਕਰ ਹੈ ਕਿ ਫਾਟਕ ਨਹੀਂ ਸੀ ਲੱਗਾ ਹੋਇਆ, ਵਰਨਾ ਕਈ ਵਾਰ ਤਾਂ ਬੜਾ ਲੰਬਾ ਇੰਤਜ਼ਾਰ ਕਰਨਾ ਪੈਂਦਾ ਹੈ। ਇੰਤਜ਼ਾਰ ਕਰਨ ਵਾਲੀ ਵੀ ਖੈਰ ਕੋਈ ਗੱਲ ਨਹੀਂ ਸੀ, ਐਪਰ ਇਹ ਜੋ ਮੈਂ ਸ਼ਹੀਦ ਦਾ ਬਹਾਦਰ ਪੁੱਤਰ ਚੁੱਕਿਆ ਹੋਇਆ ਸੀ, ਜੇਕਰ ਫਾਟਕ ਲੱਗਿਆ ਹੁੰਦਾ ਤਾਂ ਮੈਨੂੰ ਤਾਂ ਨਾਨੀ ਯਾਦ ਆ ਜਾਣੀ ਸੀ। ਇਸ ਲਈ ਫਾਟਕ ਖੁੱਲਾ ਵੇਖ ਕੇ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ। ਰੇਲਵੇ ਦੀ ਲਾਈਨ ਲੰਘ ਕੇ ਅੱਗੇ ਚੱਲ ਪਏ। ਤਕਰੀਬਨ ਪੰਜ-ਸੱਤ ਮਿੰਟ ਹੀ ਲੱਗੇ ਹੋਣਗੇ ਕਿ ਖੱਬੇ ਹੱਥ 'ਗੁਰਦੁਆਰਾ ਦਸਮੇਸ਼ ਬੁੰਗਾ' ਦਾ ਬੋਰਡ ਲੱਗਾ ਦਿੱਸ ਗਿਆ। ਅੰਦਰ ਗਏ ਤਾਂ ਸਿੱਖ ਸੰਗਤਾਂ ਦੀ ਚੰਗੀ ਗਹਿਮਾ ਗਹਿਮ ਸੀ। ਸੇਵਾਦਾਰਾਂ ਨੂੰ ਮਿਲੇ, ਉਨ੍ਹਾਂ ਨੂੰ ਬਾਬਾ ਜੀ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਅੰਦਰ ਹੀ ਹਨ। ਅਸੀਂ ਅੰਦਰ ਗਏਸੰਤਾਂ ਨੂੰ ਆਦਰ ਸਹਿਤ ਫ਼ਤਿਹ ਬੁਲਾਈ। ਉਨ੍ਹਾਂ ਨੇ ਵੀ ਬੜੇ ਪਿਆਰ ਸਹਿਤ ਫ਼ਤਿਹ ਦਾ ਉਤਰ ਦਿੱਤਾ ਅਤੇ ਆਪਣੇ ਪਾਸ ਬਿਠਾ ਕੇ ਸਾਰੀ ਗੱਲਬਾਤ ਪੁੱਛੀ ਕਿ ਕਿੱਥੋਂ ਆਏ ਹੋ? ਤਾਂ ਬੀਬੀ ਬਿਮਲ ਕੌਰ ਖ਼ਾਲਸਾ ਨੇ ਆਪ ਹੀ ਸਾਰੀ ਗੱਲ ਦੱਸੀ ਕਿ ਮੈਂ ਪਿੰਡ ਮਲੋਆ ਤੋਂ ਸ਼ਹੀਦ ਬੇਅੰਤ ਸਿੰਘ ਦੀ ਸਿੰਘਣੀ ਹਾਂ ਅਤੇ ਇਹ ਸਾਡਾ ਬੇਟਾ ਹੈ।

ਸੰਤਾਂ ਨੇ ਬੀਬੀ ਖ਼ਾਲਸਾ ਨੂੰ ਪਿਆਰ ਨਾਲ ਜੱਫੀ ਵਿਚ ਲੈਂਦੇ ਹੋਏ ਕਿਹਾ ਕਿ ਤੂੰ ਸ਼ਹੀਦ ਬੇਅੰਤ ਸਿੰਘ ਦੀ ਧਰਮ ਪਤਨੀ ਹੀ ਨਹੀਂ, ਸਾਰੇ ਪੰਥ ਦੀ ਧੀ ਵੀ ਹੈਂ, ਅਤੇ ਤੇਰਾ ਬੇਟਾ ਵੀ ਸਾਰੇ ਪੰਥ ਦਾ ਬੇਟਾ ਹੈ, ਇਹ ਵੱਡਾ ਹੋ ਕੇ ਪੰਥ ਦੀ ਬੜੀ ਸੇਵਾ ਕਰੇਗਾ। ਜੋ ਵੀ ਕੋਈ ਸੇਵਾ ਮੇਰੇ ਲਾਇਕ ਹੋਵੇ, ਤਾਂ ਨਿਝੱਕ ਦੱਸੋ। ਸਾਡੇ ਗੱਲਾਂ ਕਰਦੇ ਹੀ ਇਕ ਸੇਵਾਦਾਰ ਜਲ ਲੈ ਆਇਆ ਸੀ, ਜਿਸ ਨੂੰ ਸੰਤਾਂ ਨੇ ਚਾਹ-ਪਾਣੀ ਦੀ ਸੇਵਾ ਵਾਸਤੇ ਵੀ ਕਹਿ ਦਿੱਤਾ। ਮੈਂ ਜਲ ਛਕਿਆ, ਸੰਤਾਂ ਨੂੰ ਨਮਸਕਾਰ ਕੀਤੀ, ਖ਼ਾਲਸਾ ਭੈਣ ਨੂੰ ਫਤਿਹ ਬੁਲਾਈ, ਬੇਟੇ ਸਰਬਜੀਤ ਨੂੰ ਪਿਆਰ ਸਹਿਤ ਥਾਪੜਿਆ ਅਤੇ ਸੱਜੇ ਹੱਥ ਨਾਲ 'ਬਾਏ ਬਾਏ' ਕਰਦਾ ਬਾਹਰ ਨਿਕਲ ਆਇਆ। 1989 ਦੀਆਂ ਲੋਕ ਸਭਾ ਚੋਣਾਂ ਵਿਚ ਜਿੱਥੇ ਸ਼ਹੀਦ ਬਿਅੰਤ ਸਿੰਘ ਦੇ ਪਿਤਾ ਬਾਪੂ ਸੁੱਚਾ ਸਿੰਘ ਜੀ ਮਲੋਆ, ਸ. ਸਿਮਰਨਜੀਤ ਸਿੰਘ ਮਾਨ, ਸ. ਅਤਿੰਦਰਪਾਲ ਸਿੰਘ, ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਜਗਦੇਵ ਸਿੰਘ ਖੁੱਡੀਆਂ, ਬੀਬੀ ਬਿਮਲ ਕੌਰ ਖ਼ਾਲਸਾ, ਬੀਬੀ ਰਾਜਿੰਦਰ ਕੌਰ ਬੁਲਾਰਾ ਆਦਿ 9 ਉਮੀਦਵਾਰ, ਜੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪਾਰਟੀ ਵੱਲੋਂ ਚੋਣਾਂ ਲੜੇ ਸਨ, ਸਾਰੇ ਹੀ ਭਾਰੀ ਬਹੁਮਤ ਨਾਲ ਆਪੋ-ਆਪਣੇ ਹਲਕੇ ਤੋਂ ਜਿੱਤੇ ਸਨ।30 ਅਪ੍ਰੈਲ 1986 ਨੂੰ ਕਥਿਤ ਅੱਤਵਾਦੀ ਖਦੇੜਣ ਦੇ ਬਹਾਨੇ, ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸਮੇਂ, ਸ੍ਰੀ ਦਰਬਾਰ ਸਾਹਿਬ ਉਤੇ ਹੋਏ ਪੁਲਿਸ ਅਟੈਕ ਜਿਸ ਨੂੰ 'ਆਪਰੇਸ਼ਨ ਬਲੈਕ ਥੰਡਰ' ਦਾ ਨਾਮ ਦਿੱਤਾ ਗਿਆ, ਦੌਰਾਨ ਵੀ 80 ਦੇ ਕਰੀਬ ਸਿੰਘ ਸ਼ਹੀਦ ਹੋਏ ਦੱਸੇ ਜਾਂਦੇ ਹਨ। 4 ਜੂਨ 1986 ਨੂੰ ਨੀਲਾ ਤਾਰਾ ਆਪਰੇਸ਼ਨ ਦੀ ਤੀਜੀ ਬਰਸੀ ਸਮੇਂ ਬੀਬੀ ਬਿਮਲ ਕੌਰ ਖ਼ਾਲਸਾ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ 3000 ਤੋਂ ਵੀ ਵੱਧ ਸਾਥੀਆਂ ਨਾਲ ਸ੍ਰੀ ਦਰਬਾਰ ਸਾਹਿਬ ਪੁੱਜੀ ਅਤੇ ਬਹੁਤ ਹੀ ਜੋਸ਼ੀਲੀ ਤਕਰੀਰ ਵੀ ਕੀਤੀ।

ਇਸ ਸਮੇਂ ਪੰਜਾਬ ਪੁਲਿਸ ਅਤੇ ਨੌਜਵਾਨਾਂ ਵਿਚ ਹੋਈ ਕਸ਼ਮਕਸ਼ ਦੌਰਾਨ ਇਕ ਪੁਲਿਸ ਗਾਰਡ ਅਵਤਾਰ ਸਿੰਘ ਮਾਰਿਆ ਗਿਆ ਸੀ, ਜਿਸ ਦੇ ਦੋਸ਼ ਵਿਚ ਬੀਬੀ ਬਿਮਲ ਕੌਰ ਖ਼ਾਲਸਾ ਨੂੰ ਇਕ ਵਾਰ ਫਿਰ ਗ੍ਰਿਫਤਾਰ ਕਰ ਲਿਆ ਗਿਆ ਅਤੇ ਦੋ ਸਾਲ ਦੇ ਕਰੀਬ ਆਪ ਅੰਮ੍ਰਿਤਸਰ, ਪਟਿਆਲਾ ਅਤੇ ਫਿਰ ਬੁੜੈਲ ਜੇਲ੍ਹ ਚੰਡੀਗੜ੍ਹ ਵਿਚ ਨਜ਼ਰਬੰਦ ਰਹੇ। ਸਾਲ 1989 ਵਿਚ ਪਾਰਲੀਮੈਂਟ ਦੀਆਂ ਚੋਣਾਂ ਹੋਈਆਂ ਤਾਂ ਸ. ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਭਾਰੀ ਸਫ਼ਲਤਾ ਮਿਲੀ। ਇਸੇ ਪਾਰਟੀ ਦੀ ਉਮੀਦਵਾਰ ਬੀਬੀ ਬਿਮਲ ਕੌਰ ਖ਼ਾਲਸਾ ਰੋਪੜ ਹਲਕੇ ਤੋਂ ਅਤੇ ਸ਼ਹੀਦ ਬੇਅੰਤ ਸਿੰਘ ਦੇ ਪਿਤਾ ਸ.ਸੁੱਚਾ ਸਿੰਘ (ਮਲੋਆ) ਬਠਿੰਡਾ ਤੋਂ ਭਾਰੀ ਬਹੁਮਤ ਨਾਲ ਲੋਕ ਸਭਾ ਦੇ ਮੈਂਬਰ ਚੁਣੇ ਗਏ। ਜੇਕਰ ਜ਼ਿੰਦਗੀ ਵਫ਼ਾ ਕਰਦੀ ਤਾਂ ਬੀਬੀ ਖ਼ਾਲਸਾ ਜੀ ਨੇ ਹੋਰ ਪਤਾ ਨਹੀਂ ਕਿਸ-ਕਿਸ ਮੁਕਾਮ ਨੂੰ ਛੋਹਣਾ ਸੀ। ਮਿਤੀ 2 ਸਤੰਬਰ 1991 ਨੂੰ ਮੋਹਾਲੀ ਦੇ ਘਰ ਵਿਖੇ ਹੋਈ ਆਪ ਦੀ ਮੌਤ ਦਾ ਰਹੱਸ ਅੱਜ ਤੀਕ ਨਹੀਂ ਸੁਲਝ ਸਕਿਆ। ਪੁਲਿਸ ਵੱਲੋਂ ਮੌਤ ਦਾ ਕਾਰਨ ਆਪ ਵੱਲੋਂ ਸਾਇਨਾਈਡ ਨਿਗਲਿਆ ਜਾਣਾ ਦੱਸਿਆ ਗਿਆ।

ਲੇਕਿਨ ਸ਼ੰਕੇ ਪੈਦਾ ਹੋਏ ਕਿ ਜਦੋਂ ਸਭ ਕੁਝ ਠੀਕ ਠਾਕ ਚੱਲ ਰਿਹਾ ਸੀ ਤਾਂ ਉਸ ਨੂੰ ਜ਼ਹਿਰ ਨਿਗਲਣ ਦੀ ਕੀ ਲੋੜ ਪਈ ਸੀ? ਫਿਰ ਨਵਾਂ ਕਾਰਨ ਦੱਸਿਆ ਗਿਆ ਕਿ ਆਪ ਦੀ ਮੌਤ ਵਾਸ਼ਿੰਗ ਮਸ਼ੀਨ ਵਿਚ ਕੱਪੜੇ ਧੋਂਦੇ ਸਮੇਂ ਕਰੰਟ ਲੱਗਣ ਕਾਰਨ ਹੋਈ ਹੈ।

ਪੁਲਿਸ ਦੀ ਇਸ ਥਿਊਰੀ ਉੱਤੇ ਇਹ ਇਤਰਾਜ਼ ਉਠਾਏ ਗਏ ਕਿ ਜਿਸ ਔਰਤ ਦਾ ਜਨਮ ਦਿੱਲੀ ਦਾ ਹੋਵੇ ਅਤੇ ਉਹ ਦਿੱਲੀ ਹੀ ਪੜ੍ਹੀ ਅਤੇ ਫਿਰ ਲੰਬਾ ਸਮਾਂ ਨੌਕਰੀ ਕਰਦੀ ਰਹੀ ਹੋਵੇ, ਕੀ ਉਸ ਨੂੰ ਮਸ਼ੀਨ ਵਿਚ ਕੱਪੜੇ ਧੋਣ ਦੀ ਵੀ ਜਾਚ ਨਹੀਂ ਸੀ? ਅਤੇ ਉਸ ਨੂੰ ਅਚਾਨਕ ਕਰੰਟ ਲੱਗ ਜਾਵੇ ਇਹ ਗੱਲ ਕਿਸੇ ਦੇ ਮੰਨਣ ਵਿਚ ਨਹੀਂ ਸੀ ਆਉਂਦੀ, ਇਸੇ ਲਈ ਰਿਸ਼ਤੇਦਾਰਾਂ ਵੱਲੋਂ ਬਾਡੀ ਦਾ ਪੋਸਟ-ਮਾਰਟਮ ਕਰਨ ਦੀ ਮੰਗ ਕੀਤੀ ਜਾਂਦੀ ਰਹੀ, ਲੇਕਿਨ ਇਹ ਜਾਇਜ਼ ਮੰਗ ਵੀ ਪੂਰੀ ਨਹੀਂ ਸੀ ਕੀਤੀ ਗਈ।

ਇਸੇ ਲਈ ਸ਼ੰਕੇ ਉਠਦੇ ਰਹੇ ਕਿ ਮੌਤ ਦਾ ਕਾਰਨ ਵਾਸ਼ਿੰਗ ਮਸ਼ੀਨ ਵਿਚ ਕੱਪੜੇ ਧੋਂਦੇ ਸਮੇਂ ਬਿਜਲੀ ਦਾ ਕਰੰਟ ਨਹੀਂ, ਬਲਕਿ ਕੋਈ ਸਾਜਿਸ਼ ਸੀ, ਕਿਉਂਕਿ ਉਸ ਦਿਨ ਘਰ ਕੰਮ ਕਰਨ ਵਾਲੀ ਵੀ ਨਹੀਂ ਸੀ ਆਈ ਅਤੇ ਕੁਝ ਦਿਨ ਪਹਿਲਾਂ ਹੀ ਆਪ ਦਾ ਇਕ ਨਿੱਜੀ ਸੁਰੱਖਿਆ ਗਾਰਡ ਵੀ ਅਚਾਨਕ ਗੁੰਮ ਹੋ ਗਿਆ ਸੀ ਜਾਂ ਗੁੰਮ ਕਰ ਦਿੱਤਾ ਗਿਆ ਸੀ- ਇਸ ਦਾ ਵੀ ਕੋਈ ਨਿਸਤਾਰਾ ਨਹੀਂ ਸੀ ਹੋ ਸਕਿਆ।

ਇਹ ਵੀ ਇਕ ਤਰ੍ਹਾਂ ਨਾਲ ਮਨ ਨੂੰ ਢਾਰਸ ਦੇਣ ਵਾਲੀ ਗੱਲ ਹੈ ਕਿ ਅੱਜ ਬੀਬੀ ਬਿਮਲ ਕੌਰ ਖ਼ਾਲਸਾ ਅਤੇ ਸ਼ਹੀਦ ਭਾਈ ਬਿਅੰਤ ਸਿੰਘ ਜੀ ਦੇ ਸਪੁੱਤਰ ਸ. ਸਰਬਜੀਤ ਸਿੰਘ ਜੀ ਖ਼ਾਲਸਾ ਇਕ ਐਮ.ਪੀ. ਵਜੋਂ ਵਿਚਰ ਰਹੇ ਹਨ ਅਤੇ ਕੌਮੀ ਹੱਕਾਂ ਦੀ ਆਵਾਜ਼ ਹਰ ਇਕ ਪਲੇਟਫਾਰਮ ਉਤੇ, ਬਹੁਤ ਹੀ ਸੋਹਣੇ ਅਤੇ ਸੁਚੱਜੇ ਢੰਗ ਨਾਲ ਉਠਾਉਂਦੇ ਆ ਰਹੇ ਹਨ। ਗੁਰੂ ਮਹਾਰਾਜ ਇਨ੍ਹਾਂ ਨੂੰ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰੱਖਣ ਤਾਂ ਜੋ ਹੋਰ ਵੀ ਸੋਹਣੇ ਤੇ ਸੁਚੱਜੇ ਢੰਗ ਨਾਲ ਦੇਸ ਅਤੇ ਕੌਮ ਦੀ ਰਹਿਨੁਮਾਈ ਕਰ ਸਕਣ। ਮੇਰੀ ਤਾਂ ਇਹੋ ਹੀ ਨਿਮਰ ਆਰਜ਼ੂ ਅਤੇ ਅਭਿਲਾਖਾ ਹੈ: "ਜਲਾਉ ਵੋਹ ਸ਼ਮ੍ਹਾਂ, ਆਂਧੀ ਜਿਸੇ ਬੁਝਾ ਨਾ ਸਕੇ। ਔਰ- ਬਨਾਓ ਵੋਹ ਨਕਸ਼, ਜ਼ਮਾਨਾ ਜਿਸੇ ਮਿਟਾ ਨਾ ਸਕੇ।"